بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 23.07.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 23 ਜੁਲਾਈ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔
بِسۡمِ اللّٰهِ الرَّحۡمٰنِ الرَّحِيۡمِ ۔ اَلۡحَمۡدُ لِلّٰهِ رَبِّ الۡعَالَمِيۡنَ ۔ الرَّحۡمٰنِ الرَّحِيۡمِ ۔ مَالِكِ يَوۡمِ الدِّيۡنِ ۔ إِيَّاكَ نَعۡبُدُ وَإِيَّاكَ نَسۡتَعِيۡنُ ۔ اِهۡدِنَا الصِّرَاطَ الۡمُسۡتَقِيۡمَ ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਕਲ ਅਸੀਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਰਹੇ ਹਾਂ ਅਤੇ ਉਹਨਾ ਦੇ ਯੁੱਗ ਦੀਆਂ ਕੁਝ ਜੰਗਾਂ ਦਾ ਵਰਨਣ ਹੋ ਰਿਹਾ ਸੀ । ਬਵੀਬ ਦੀ ਜੰਗ ਤੇਰ੍ਹਾਂ ਜਾਂ ਸੋਲ੍ਹਾਂ ਹਿਜਰੀ ਵਿੱਚ ਹੋਈ, ਇਸ ਦਾ ਵਿਸਥਾਰ ਇਤਿਹਾਸ ਵਿੱਚ ਇਉਂ ਮਿਲਦਾ ਹੈ ਕਿ ਜਸਰ ਦੀ ਜੰਗ ਵਿੱਚ ਹਾਰ ਨਾਲ ਹਜ਼ਰਤ ਉਮਰ ਨੂੰ ਰਜ਼ੀ ਅਲੱਾਹੁ ਅਨਹੁ ਨੂੰ ਅਤਿਅੰਤ ਦੁੱਖ ਪਹੁੰਚਿਆ ਸੋ ਆਪ ਜੀ ਨੇ ਸਾਰੇ ਅਰਬ ਵਿੱਚ ਭਾਸ਼ਣਕਾਰ ਭਿਜਵਾਕੇ ਅਰਬ ਦੀ ਕਬੀਲਿਆਂ ਨੂੰ ਇਸ ਕੌਮੀ ਮਾਅਰਕੇ ਲਈ ਤਿਆਰ ਕੀਤਾ । ਇਸ ਲਸ਼ਕਰ ਵਿੱਚ ਮੁਸਲਮਾਨਾਂ ਤੋਂ ਬਿਨਾ ਇਸਾਈ ਕਬੀਲੇ ਵੀ ਸ਼ਾਮਲ ਸਨ । ਦੂਜੇ ਪਾਸੇ ਹਜ਼ਰਤ ਮੁਸਨੱਾ ਨੇ ਲਸ਼ਕਰ ਦੀ ਵਿਉਂਤਬਧਤਾ ਤੇ ਲੜੀਬਥਤਾ ਕੀਤੀ ਅਤੇ ਫਿਰ ਮੁਸਲਮਾਨ ਮੁਜਾਹਿਦਾਂ (ਸੰਘਰਸ਼ ਕਰਤਾ) ਨੂੰ ਹੌਂਸਲੇ ਭਰਪੂਰ ਭਾਸ਼ਣ ਦੇਕੇ ਉਹਨਾ ਦਾ ਹੌਂਸਲਾ ਵਧਾਇਆ । ਜੰਗ ਅਰੰਭ ਹੋਈ ਅਤੇ ਘਮਸਾਣ ਦੇ ਯੁੱਧ ਮਗਰੋਂ ਈਰਾਨੀਆਂ ਵਿੱਚ ਭਗਦੜ ਮੱਚ ਗਈ । ਇਸ ਜੰਗ ਵਿੱਚ ਈਰਾਨੀ ਸੇਨਾਪਤੀ ਮਿਹਰਾਨ ਸਣੇ ਇਕ ਲੱਖ ਇਰਾਨੀ ਕਤਲ ਹੋਏ । ਇਰਾਨੀ ਲਸ਼ਕਰ ਜੱਦ ਹਾਰ ਖਾਕੇ ਭੱਜਿਆ ਤਾਂ ਹਜ਼ਰਤ ਮੁਸਨੱਾ ਤੇ ਉਹਨਾਂ ਦਾ ਪਿਛੱਾ ਕੀਤਾ ਅਤੇ ਉਹਨਾ ਨੂੰ ਘੇਰਕੇ ਬਹੁਤੇ ਇਾਰਨੀ ਸਿਪਾਹੀਆਂ ਨੂੰ ਮਾਰ ਮੁਕਾਇਆ । ਬਾਦ ਵਿੱਚ ਹਜ਼ਰਤ ਮੁਸਨੱਾਂ ਆਪਣੇ ਇਸ ਕੰਮ'ਤੇ ਦੁੱਖ ਕਰਿਆ ਕਰਦੇ ਸਨ ਕਿ ਉਹਨਾ ਨੇ ਹਾਰੇ ਹੋਏ ਲੋਕਾਂ ਦਾ ਪਿਛੱਾ ਕਿਉਂ ਕੀਤਾ । ਇਸ ਮਆਰਕੇ ਦਾ ਇਹ ਅਸਰ ਹੋਇਆ ਕਿ ਇਰਾਕ ਦੇ ਬਹੁਤੇ ਖੇਤਰਾਂ ਵਿੱਚ ਮੁਸਲਮਾਨਾ ਦੇ ਪੈਰ੍ਹ ਮਜ਼ਬੂਤ ਹੋ ਗਏ ।

ਇਸ ਜੰਗ ਵਿੱਚ ਮੁਸਲਮਾਨਾ ਇਸਤਰੀਆਂ ਦੀ ਹਿਮੱਤ ਦੇ ਦਲੇਰੀ ਦਾ ਇਹ ਨਮੂਨਾ ਸਾਹਮਣੇ ਆਇਆ ਕਿ ਜੱਦ ਲੜਾਈ ਦੇ ਬਾਦ ਮੁਸਲਮਾਨਾ ਦਾ ਇਕ ਜਥੱਾ ਘੋੜੇ ਦੁੜਾਉਂਦਾ ਹੋਇਆ ਇਸਤਰੀਆਂ ਤੇ ਬੱਚਿਆਂ ਦੇ ਕੈਂਪ ਕੋਲ ਪਹੁੰਚਿਆ ਤਾਂ ਇਸਤਰੀਆਂ ਨੇ ਸਮਝਿਆ ਕਿ ਇਹ ਦੁਸ਼ਮਣ ਦੀ ਫ਼ੌਜ ਹੈ ਜੋ ਸਾਡੇ'ਤੇ ਹਮਲਾ ਕਰਨ ਲੱਗੀ ਹੈ । ਇਹਨਾ ਇਸਤਰੀਆਂ ਨੇ ਬੱਚਿਆਂ ਨੂੰ ਘੇਰੇ ਵਿੱਚ ਲਿਆ ਅਤੇ ਆਪ ਪਥੱਰ ਤੇ ਚੋਬਾਂ ਲੈਕੇ ਮੁਕਾਬਲੇ ਲਈ ਤਿਆਰ ਹੋ ਗਈਆਂ । ਫ਼ੌਜੀ ਜਥੱਾ ਨੇੜੇ

ਪਹੁੰਚਣ'ਤੇ ਪਤਾ ਲਗੱਾ ਕਿ ਇਹ ਤਾਂ ਮੁਸਲਮਾਨ ਹਨ । ਸੋ, ਇਸ ਜੱਥੇ ਦੇ ਆਗੂ ਉਮਰੋ ਬਿਨ ਅਬਦੁਲ ਮਸੀਹ ਨੇ ਆਪਮੁਹਾਰੇ ਹੀ ਕਿਹਾ ਕਿ ਰੱਬ ਦੇ ਲਸ਼ਕਰ ਦੀਆਂ ਇਸਤਰੀਆਂ ਨੂੰ ਇਹੋ ਜਚਦਾ ਹੈ ।

ਚੌਦਾਂ ਹਿਜਰੀ ਵਿੱਚ ਮੁਸਲਮਾਨਾ ਤੇ ਇਰਾਨੀਆਂ ਵਿੱਚਕਾਰ ਨਿਰਣਾਇਕ ਜੰਗ ਕਾਦਸੀਆ ਦੀ ਜੰਗ ਹੋਈ ਜਿਸ ਦੇ ਸਿੱਟੇ ਵਿੱਚਿ ਇਰਾਨੀ ਸਲਤਨਤ ਮੁਸਲਮਾਨਾ ਦੇ ਕਬਜ਼ੇ ਵਿੱਚ ਆ ਗਈ । ਜੱਦ ਫ਼ਾਰਸ ਵਾਸੀਆਂ ਨੂੰ ਮੁਸਲਮਾਨਾ ਦੇ ਕਾਰਨਾਮਿਆਂ ਦਾ ਪਤਾ ਲਗੱਾ ਤਾਂ ਉਹਨਾ ਨੇ ਆਪਣੇ ਸਰਦਾਰਾਂ ਰੁਸਤਮ ਤੇ ਫ਼ੈਰੁਜ਼ਾਨ ਨੂੰ ਕਿਹਾ ਕਿ ਤੁਹਾਡੇ ਦੋਹਾਂ ਦੇ ਮਤਿਭੇਦ ਕਰਕੇ ਮੁਸਲਮਾਨ ਐਨ੍ਹੇ ਬਲਸ਼ਾਲੀ ਹੋਏ ਹਨ । ਰੁਸਤਮ ਤੇ ਫ਼ੈਰੁਜ਼ਾਨ ਨੇ ਬੋਰਾਨ ਨੂੰ ਨਿਲੰਬਤ ਕਰਕੇ ਇੱਕੀ ਵਰ੍ਹਿਆਂ ਦੇ ਯਜ਼ਦ ਜਰਦ ਨੂੰ ਤਖ਼ਤ'ਤੇ ਬਿਠਾ ਦਿਤੱਾ । ਹਜ਼ਰਤ ਮੁਸਨੱਾ ਰਜ਼ੀ ਅਲੱਾਹੁ ਅਨਹੁ ਨੇ ਫ਼ਾਰਸ ਵਾਸੀਆਂ ਦੀ ਤਿਆਰੀ ਬਾਰੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਜਾਣੂ ਕਰਾਇਆ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਚਾਰੇ ਪਾਸੇ ਸੂਹ ਲਾਉਣ ਵਾਲੇ ਭੇਜੇ ਅਤੇ ਕਬੀਲਿਆਂ ਦੇ ਸਰਦਾਰਾਂ ਨੂੰ ਮੱਕੇ ਵਿੱਚ ਇਕੱਠੇ ਹੋਣ ਦਾ ਆਦੇਸ਼ ਦਿਤੱਾ । ਇਸ ਸਮੇ ਹੱਜ ਨੇੜੇ ਸੀ । ਸੋ, ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਹੱਜ ਲਈ ਰਵਾਨਾ ਹੋਏ । ਜੱਦ ਆਪ ਰਜ਼ੀ ਅਲੱਾਹੁ ਅਨਹੁ ਹੱਜ ਤੋਂ ਪਰਤੇ ਤਾਂ ਮਦੀਨੇ ਵਿੱਚ ਇਕ ਵਡੱਾ ਲਸ਼ਕਰ ਇਕਠੱਾ ਹੋ ਚੁਕੱਾ ਸੀ । ਸਭ ਤੋਂ ਪਹਿਲਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੂੰ ਮਦੀਨੇ ਵਿੱਚ ਅਮੀਰ ਨਿਯੁਕਤ ਕਰਕੇ ਇਸ ਲਸ਼ਕਰ ਦੀ ਕਮਾਨ ਆਪ ਸੰਭਾਲੀ । ਤਵਾਰੀਖ਼ ਤਿਬਰੀ ਵਿੱਚ ਦਰਜ ਵਿਸਥਾਰ ਅਨੁਸਾਰ ਪਹਿਲਾਂ ਪਹਿਲ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਸ ਲਸ਼ਕਰ ਦੀ ਕਮਾਨ ਆਪ ਕਰਨ ਦਾ ਨਿਸ਼ਚਾ ਕੀਤਾ, ਪਰ ਬਾਦ ਵਿੱਚ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹੁ ਅਨਹੁ ਦੇ ਮਸ਼ਵਰੇ'ਤੇ ਚਾਰ ਹਜ਼ਾਰ ਮੁਜਾਹਿਦਾਂ (ਸੰਘਰਸ਼ ਕਰਨ ਵਾਲੇ ਯੋਧਿਆਂ) 'ਤੇ ਹਜ਼ਰਤ ਅਬੀ ਬਿਨ ਵਿਕਾਸ ਰਜ਼ੀ ਅਲੱਾਹੁ ਅਨਹੁ ਨੂੰ ਲਸ਼ਕਰ ਦਾ ਸਰਦਾਰ ਨਿਯੁਕਤ ਕੀਤਾ । ਆਪ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਸਾਅਦ ਨੂੰ ਰਵਾਨਾ ਕਰਨ ਤੋਂ ਪਹਿਲਾਂ ਉਪਦੇਸ਼ਾਂ, ਨਿਰਦੇਸ਼ਾਂ ਤੇ ਨਸੀਹਤਾਂ ਨਾਲ ਨਿਵਾਜ਼ਿਆ ਅਤੇ ਕਾਦਸੀਆ ਤੱਕ ਪਹੁੰਚਣ ਦਾ ਢੰਗ ਅਤੇ ਰਣਭੂਮੀ ਵਿੱਚ ਦਾਨਾਈ ਤੇ ਸੂਝਬੂਝ ਦੇ ਉਸੂਲਾਂ ਦੀਆਂ ਬੁਨਿਆਦੀ ਗਲੱਾਂ ਦੱਸੀਆਂ । ਹਜ਼ਰਤ ਸਾਅਦ ਰਜ਼ੀ ਅਲੱਾਹੁ ਅਨਹੁ ਨੇ ਸ਼ਰਾਫ਼ ਪਹੁੰਚਕੇ ਪੜਾਅ ਕੀਤਾ ਤਾਂ ਉੱਥੇ ਹਜ਼ਰਤ ਮੁਸਨੱਾ ਅੱਠ ਹਜ਼ਾਰ ਵਿਕਅਕਤੀਆਂ ਨਾਲ ਮੌਜੂਦ ਸਨ, ਪਰ ਹਾਂ ਇਸ ਮੌਕੇ ਹਜ਼ਰਤ ਮੁਸਨੱਾ ਦਾ ਦੇਹਾਂਤ ਹੋ ਗਿਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਮੁਗ਼ੀਰਾ ਬਿਨ ਸ਼ਾਅਬਾ ਨੂੰ ਇਕ ਜੱਥੇ ਨਾਲ ਰਵਾਨ ਕੀਤਾ ਅਤੇ ਹਜ਼ਰਤ ਸਾਅਦ ਰਜ਼ੀ ਅਲੱਾਹੁ ਅਨਹੁ ਨੂੰ ਲਿੱਖਿਆ ਕਿ ਮਗ਼ੀਰਾ ਬਿਨ ਸ਼ਾਅਬਾ ਨੂੰ ਆਪਣੀ ਕਮਾਨ ਵਿੱਚ ਰਖੱਣ । ਹਜ਼ਰਤ ਸਾਅਦ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਦੱਸੇ ਅਨੁਸਾਰ ਆਪਣੇ ਲਸ਼ਕਰ ਦੀ ਸਥਾਪਨਾ, ਸੀਮਾ ਤੇ ਕਾਰਜ ਸ਼ੈਲੀ ਬਾਰੇ ਵਿਸਥਾਰ ਨਾਲ ਲਿਖੱਕੇ ਭੇਜਿਆ, ਜਿਸ'ਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਜੰਗੀ ਰਣਨੀਤੀ ਬਾਰੇ ਸਾਅਦ ਨੂੰ ਨਿਰਦੇਸ਼ਾਂ ਨਾਲ ਨਿਵਾਜ਼ਿਆ ।

ਹਜ਼ਰਤ ਸਾਅਦ ਰਜ਼ੀ ਅਲੱਾਹੁ ਅਨਹੁ ਨੇ ਖ਼ਿਲਾਫਤ ਦੇ ਨਿਰਦੇਸ਼ਾਂ ਅਨੁਸਾਰ ਕਾਦਸੀਆ ਵਿੱਚ ਇਕ ਮਹੀਨੇ ਪੜਾਅ ਕੀਤਾ । ਜੱਦ ਇਰਾਨੀਆ ਵੱਲੋਂ ਕੋਈ ਮੁਕਾਬਲੇ ਨਹੀਂ ਆਇਆ ਤਾਂ ਇਸ ਖੇਤਰ ਦੇ ਲੋਕਾਂ ਨੇ ਯਜ਼ਦ ਜਰਦ ਨੂੰ ਮੁਸਲਮਾਨਾ ਦੀ ਹੋਂਦ ਬਾਰੇ ਲਿੱਖਿਆ । ਜਿਸ'ਤੇ ਯਜ਼ਦ ਜਰਦ ਨੇ ਰੁਸਤਮ ਨੂੰ ਬੁਲਾਇਆ ਪਰ ਉਹ ਹੀਲੇ ਬਹਾਨਿਆਂ ਨਾਲ ਜੰਗ ਵਿੱਚ ਭਾਗ ਲੈਂਣ ਤੋਂ ਗੁਰੇਜ਼ ਕਰਦਾ ਰਿਹਾ ਅਤੇ ਆਪਣੀ ਥਾਂ ਜਾਲੀਨਿਉਸ ਨੂੰ ਫ਼ੌਜ ਦਾ ਸੇਨਾ ਪਤੀ ਬਨਾਉਣ ਦੀ ਸਲਾਹ ਦਿੱਤੀ । ਬਾਦਸ਼ਾਹ ਦੇ ਸਾਹਮਣੇ ਰੁਸਥਮ ਦੀ ਇਕ ਨ ਚੱਲੀ ਅਤੇ ਉਸ ਨੂੰ ਲਸ਼ਕਰ ਦੀ ਕਮਾਨ ਸੰਭਾਲਣੀ ਪਈ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਸਾਅਦ ਰਜ਼ੀ ਅਲੱਾਹੁ ਅਨਹੁ ਨੂ ਫ਼ਰਮਾਇਆ ਕਿ ਰੁਸਤਮ ਵੱਲ ਇਸਲਾਮ ਦੇ ਸੰਦੇਸ਼ ਲਈ ਸੰਜਮੀ, ਸੂਝ ਬੂਝ ਤੇ ਬਹਾਦੁਰ ਲੋਕਾਂ ਨੂੰ ਭੇਜੋ । ਹਜ਼ਰਤ ਸਾਅਦ ਰਜ਼ੀ ਅਲੱਾਹੁ ਅਨਹੁ ਨੇ ਚੌਦਾਂ ਵਿਅਕਤੀਆਂ ਨੂੰ ਨਿਯੁਕਤ ਕਰਕੇ ਸੰਦੇਸ਼ਵਾਹਕ ਬਣਾਕੇ ਭੇਜਿਆ । ਇਹਨਾ ਸੰਦੇਸ਼ ਵਾਹਕਾਂ ਨੇ ਯਜ਼ਦ ਜਰਦ ਦੇ ਸਾਹਣੇ ਤਿੰਨ ਗਲੱਾਂ ਰੱਖੀਆਂ । ਇਕ ਇਹ ਕਿ ਇਸਲਾਮ ਕੁਬੂਲ ਕਰ ਲਓ । ਦੂਜੀ ਗੱਲ ਇਹ ਕਿ ਜਜ਼ੀਆ ਦਿਓ ਅਤੇ ਤੀਜਾ ਇਹ

ਕਿ ਜੰਗ ਲਈ ਤਿਆਰ ਹੋ ਜਾਓ । ਯਜ਼ਦ ਜਰਦ ਨੇ ਕਿਹਾ ਕਿ ਜੇਕਰ ਸੰਦੇਸ਼ ਵਾਹਕਾਂ ਨੂੰ ਕਤਲ ਕਰਨਾ ਮਨਾਂ ਨ ਹੁੰਦਾ ਤਾਂ ਮੈਂ ਸਾਰਿਆਂ ਨੂੰ ਕਤਲ ਕਰਵਾ ਦਿੰਦਾ । ਫਿਰ ਉਸਨੇ ਮਿੱਟੀ ਦਾ ਇਕ ਟੋਕਰਾ ਮੰਗਵਾਇਆ ਅਤੇ ਇਸਲਾਮੀ ਜੱਥੇ ਦੇ ਸਰਦਾਰ ਨੂੰ ਕਿਹਾ ਕਿ ਮੇਰੇ ਵੱਲੋਂ ਇਹ ਲੈ ਜਾਓ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਕਾਦਸੀਆ ਦੀ ਜੰਗ ਦੀ ਇਸ ਘਟਨਾ ਦੀ ਚਰਚਾ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਉਹ ਸਹਾਬੀ ਅਤਿਅੰਤ ਸੰਜਮਤਾ ਨਾਲ ਅੱਗੇ ਵਧੇ ਅਤੇ ਆਪਣਾ ਸਿਰ ਝੁਕਾ ਦਿੱਤਾ ਅਤੇ ਮਿੱਟੀ ਦਾ ਬੋਰਾ ਆਪਣੀ ਪਿੱਠ'ਤੇ ਚੁੱਕ ਲਿਆ । ਫਿਰ ਉਸ ਸਿਪਾਹੀ ਨੇ ਇਕ ਛਾਲ ਮਾਰੀ ਅਤੇ ਤੇਜ਼ੀ ਨਾਲ ਦਰਬਾਰ ਵਿੱਚੋਂ ਨਿਕਲ ਖੜੇ ਹੋਏ ਅਤੇ ਆਪਣੇ ਸਾਥੀਆਂ ਨੂੰ ਉੱਚੀ ਅਵਾਜ਼ ਨਾ ਕਿਹਾ ਕਿ ਅੱਜ ਇਰਾਨ ਦੇ ਬਾਦਸ਼ਾਹ ਨੇ ਆਪਣੇ ਅੱਥੀ ਆਪਣੇ ਦੇਸ਼ ਦੀ ਭੂਮੀ ਸਾਡੇ ਹਵਾਲੇ ਕਰ ਦਿੱਤੀ ਹੈ । ਇਹ ਕਹਿਕੇ ਉਹ ਜਥੱਾ ਘੋੜਿਆਂ'ਤੇ ਸਵਾਰ ਹੋਕੇ ਤੇਜੀ ਨਾਲ ਉੱਥੋਂ ਨਿਕਲ ਗਿਆ । ਬਾਦਸ਼ਾਹ ਨੇ ਜੱਦ ਮੁਸਮਾਨਾ ਦਾ ਇਹ ਨਾਅਰਾ ਸੁਣਿਆ ਤਾਂ ਉਸਨੂੰ ਬਦ ਸ਼ਗੂਨੀ ਗੁਮਾਨ ਕਰਦਿਆਂ ਹੋਇਆਂ ਕੰਬ ਉਠਿਆ ਅਤੇ ਆਪਣੇ ਦਰਬਾਰੀਆਂ ਨੂੰ ਮੁਸਲਮਾਨਾ ਦੇ ਪਿੱਛੇ ਦੌੜਾਇਆ, ਪਰ ਮੁਸਲਮਾਨ ਘੁੜਸਵਾਰ ਇਸ ਸਮੇਂ ਤੱਕ ਬਹੁਤ ਦੂਰ ਜਾ ਚੁੱਕੇ ਸਨ ।

ਇਸ ਘਟਨਾ ਦੇ ਬਾਦ ਕਈ ਮਹੀਨਿਆਂ ਤੱਕ ਸ਼ਾਂਤੀ ਰਹੀ ਅਤੇ ਰੁਸਤਮ ਯਜ਼ਦ ਜਰਦ ਦੀ ਤਕੀਦ ਦੇ ਬਾਦ ਵੀ ਜੰਗ ਤੋਂ ਜੀ ਚੁਰਾਉਂਦਾ ਰਿਹਾ । ਅਖ਼ੀਰ ਰੁਸਤਮ ਨੂੰ ਮਜਬੂਰ ਹੋਕੇ ਮੁਕਾਬਲੇ ਲਈ ਅੱਗੇ ਵਧੱਣਾ ਪਿਆ ਅਤੇ ਉਸ ਦੀਆਂ ਫ਼ੌਜਾਂ ਕਾਦਸੀਆ ਵਿੱਚ ਤੰਬੂਆਂ ਵਿੱਚ ਬੰਦ ਰਹੀਆਂ । ਰੁਸਤਮ ਦੀ ਫ਼ੌਜ ਦੀ ਗਿਣਤੀ ਇਕ ਲੱਖ ਤੀਹ ਹਜ਼ਾਰ ਸੀ ਅਤੇ ਉਸ ਨਾਲ ਤੇਤੀ ਹਾਥੀ ਸਨ । ਰੁਸਤਮ ਨੇ ਇਸਲਾਮੀ ਲਸ਼ਕਰ ਦਾ ਅਨੁਮਾਨ ਲਾਇਆ ਅਤੇ ਮੁਸਲਮਾਨਾਂ ਨੂੰ ਸੁਲਾਹ ਦੀ ਪੇਸ਼ਕਸ਼ ਕੀਤੀ। ਇਸੇ ਪ੍ਰਕਾਰ ਉਸਨੇ ਮੰਗ ਕੀਤੀ ਕਿ ਉਸ ਦੇ ਦਰਬਾਰ ਵਿੱਚ ਮੁਸਲਮਾਨਾਂ ਵੱਲੋਂ ਸੱਦੇਸ਼ਵਾਹਕ ਚਰਚਾ ਲਈ ਆਉਣ । ਇਸ ਚਰਚਾ ਵਿੱਚ ਵੀ ਮੁਸਲਮਾਨਾ ਦੇ ਉਹੋ ਤਿੰਨ ਗਲੱਾਂ ਪੇਸ਼ ਕੀਤੀਆਂ ਅਰਥਾਤ ਕੁਬੂਲੇ ਇਸਲਾਮ, ਜਜ਼ੀਆ ਜਾਂ ਜੰਗ । ਰੁਸਤਮ ਤਿੰਨ੍ਹੇ ਗਲੱਾਂ ਮੰਨ੍ਹਣ ਲਈ ਤਿਆਰ ਨ ਹੋਇਆ ਅਤੇ ਜੰਗ ਦਾ ਨਿਸਚਾ ਕੀਤਾ । ਮੁਸਲਮਾਨ ਆਪਣੀ ਆਪਣੀ ਸਫ਼ਬੰਦੀ (ਪੰਕਤੀ ਪਧੱਤਾ) ਪੂਰੀ ਕਰ ਚੁੱਕੇ ਤਾਂ ਹਜ਼ਰਤ ਸਾਅਦ ਦੇ ਸ਼ਰੀਰ'ਤੇ ਫੋੜੇ ਨਿਕਲ ਆਏ ਅਤੇ ਆਪ ਸ਼ਿਆਟਿਕਾ ਦੀ ਪੀੜ ਕਰਕੇ ਸਖ਼ਤ ਬਿਮਾਰ ਹੋ ਗਏ । ਹਜ਼ਰਤ ਸਾਅਦ ਰਜ਼ੀ ਅਲੱਾਹੁ ਅਨਹੁ ਲਈ ਰੁੱਖ'ਤੇ ਮਚਾਨ ਬਣਾਈ ਗਈ ਜਿੱਥੇ ਆਪ ਲੇਟੇ ਲੇਟੇ ਲਸ਼ਕਰ ਨੂੰ ਦੇਖਦੇ ਰਹਿੰਦੇ । ਆਪ ਰਜ਼ੀ ਅਲੱਾਹੁ ਅਨਹੁ ਨੇ ਆਪਣੀ ਥਾਂ ਖ਼ਾਲਿਦ ਬਿਨ ਅਰਫਤਾਹ ਨੂੰ ਨਾਇਬ ਨਿਯੁਕਤ ਕੀਤਾ ਅਤੇ ਮੁਸਲਮਾਨਾ ਨੂੰ ਸੰਬੋਧਤ ਕਰਕੇ ਜਿਹਾਦ ਲਈ ਉਤਸਾਹਤ ਕੀਤਾ । ਇਰਾਨੀ ਫ਼ੌਜ ਵਿੱਚੋਂ ਤੀਹ ਹਜ਼ਾਰ ਸਿਪਾਹੀ ਜ਼ੰਜੀਰਾਂ ਨਾਲ ਜਕੜੇ ਹੋਏ ਸਨ ਤਾਂ ਜੋ ਕਿਸੇ ਨੂੰ ਦੌੜਨ ਦਾ ਮੌਕਾ ਨ ਮਿਲੇ । ਹਜ਼ਰਤ ਸਾਅਦ ਰਜ਼ੀ ਅਲੱਾਹੁ ਅਨਹੁ ਨੇ ਮੁਸਲਮਾਨਾ ਨੂੰ ਸੂਰਤ ਅਨਫ਼ਾਲ ਪੜ੍ਹਨ ਦਾ ਹੁਕੁਮ ਦਿੱਤਾ ਜਿਸ ਦੀ ਤਿਲਾਵਤ ਨਾਲ ਮੁਸਲਮਾਨਾ ਨੇ ਸ਼ਾਂਤੀ ਅਨੁਭਵ ਕੀਤੀ । ਜ਼ੁਹਰ ਦੀ ਨਮਾਜ਼ ਦੇ ਬਾਦ ਜੰਗ ਅਰੰਭ ਹੋਈ ਅਤੇ ਪਹਿਲੇ ਦਿਨ ਕਬੀਲਾ ਬਨੂ ਅਸਦ ਦੇ ਪੰਜ ਸੌ ਮੁਸਲਮਾਨ ਸ਼ਹੀਦ ਹੋਏ । ਦੂਜੇ ਦਿਨ ਹਜ਼ਰਤ ਹਾਸ਼ਮ ਬਿਨ ਅਤਬਾਹ ਬਿਨ ਅਬੀ ਵਕਾਸ ਦੀ ਅਗਵਾਈ ਵਿੱਚ ਜਥੱਾ ਪਹੁੰਚ ਗਿਆ ਜਿਸਦੇ ਅਗੱਲੇ ਭਾਗ ਵਿੱਚ ਹਜ਼ਰਤ ਕਅਕਾਅ ਬਿਨ ਉਮਰੋ ਆਗੂ ਸਨ । ਹਜ਼ਰਤ ਕਅਕਾਅ ਨੇ ਬਹਮਨ ਜਾਜ਼ਵੀਆਹ ਨੂੰ ਕਤਲ ਕਰ ਦਿੱਤਾ । ਮੁਸਲਮਾਨ ਬਹਮਨ ਜਾਜ਼ਵੀਆਹ ਦੇ ਕਤਲ ਅਤੇ ਮੁਸਲਮਾਨਾ ਦੇ ਸਹਾਇਕ ਲਸ਼ਕਰ ਦੇ ਸਬਬ ਬਹੁਤ ਖ਼ੁਸ ਸਨ । ਤੀਜੇ ਦਿਨ ਰਕਤਵਾਹਕ ਜੰਗ ਹੋਈ, ਜਿਸ ਵਿੱਚ ਦੋ ਹਜ਼ਾਰ ਮੁਸਮਲਮਾਨ ਅਤੇ ਦਸ ਹਜ਼ਾਰ ਇਰਾਨੀ ਸਿਪਾਹੀ ਕੰਮ ਆਏ । ਹਜ਼ਰਤ ਸਾਅਦ ਰਜ਼ੀ ਅਲੱਾਹੁ ਅਨਹੁ ਦੇ ਨਿਰਦੇਸ਼'ਤੇ ਹਜ਼ਰਤ ਕਅਕਾਅ ਅਤੇ ਹਜ਼ਰਤ ਆਸਿਮ ਨੇ ਇਰਾਨੀਆਂ ਦੇ ਚਿੱਟੇ ਹਾਥੀਆਂ ਦਾ ਕੰਮ ਕਰ ਦਿੱਤਾ ਅਤੇ ਹੋਰ ਮੁਸਲਮਾਨਾ ਨੇ ਅਜਰਮ ਨਾਂ ਦੇ ਹਾਥੀ ਨੂੰ ਅਜਿਹਾ ਬਦਮਸਤ ਕੀਤਾ ਕਿ ਉਸ ਨੇ ਦਰਿਆ ਵਿੱਚ ਛਾਲ ਮਾਰ ਦਿੱਤੀ, ਜਿਸਦੀ ਦੇਖਾ ਦੇਖੀ ਬਾਕੀ ਹਾਥੀਆਂ ਨੇ ਵੀ ਦਰਿਆ ਵਿੱਚ ਛਾਲ ਮਾਰ ਗਏ ।

ਇਸ ਦਿਨ ਇਸ਼ਾ ਦੀ ਨਮਾਜ਼ ਦੇ ਬਾਦ ਅਜਿਹਾ ਘਮਸਾਣ ਦਾ ਯੁੱਧ ਹੋਇਆ ਕਿ ਇਸ ਤੋਂ ਪਹਿਲਾਂ ਕਿਸੇ ਅਰਬ ਤੇ ਹੋਰਨਾ ਨੇ ਇਸ ਰਾਤ ਜਿਹਾ ਮਾਅਰਕਾ ਨਹੀਂ ਦੇਖਿਆ ਸੀ । ਸਾਰੀ ਰਾਤ ਹਜ਼ਰਤ ਸਾਅਦ ਰਜ਼ੀ ਅਲੱਾਹੁ ਅਨਹੁ ਰੱਬ ਦੀ ਹਜ਼ੂਰੀ ਵਿੱਚ ਦੁਆ ਵਿੱਚ ਲੀਨ ਰਹੇ । ਸਵੇਰ ਹੋਈ ਤਾਂ ਮੁਸਲਮਾਨਾ ਦਾ ਜੋਸ਼ ਤੇ ਹੌਂਸਲਾ ਸਿਥਿਰ ਸੀ ਅਤੇ ਉਹ ਜੇਤੂ ਰਹੇ । ਚੌਥੀ ਸਵੇਰ ਦੁਪਹਿਰ ਤੱਕ ਲੜਾਈ ਜਾਰੀ ਰਹੀ ਅਤੇ ਇਰਾਨੀ ਹਾਰਦੇ ਗਏ । ਇਸ ਦਿਨ ਰੁਸਤਮ ਉਪੱਰ ਕਰੜਾ ਹਮਲਾ ਕੀਤਾ ਗਿਆ, ਸੋ ਉਹ ਦਰਿਆ ਵਿੱਚ ਛਾਲ ਮਾਰ ਗਿਆ । ਹਲਾਲ ਨਾਂ ਦਾ ਇਕ ਵਿਅਕਤੀ ਉਸਨੂੰ ਫੜਕੇ ਬਾਹਰ ਲਿਆਇਆ ਅਤੇ ਕਤਲ ਕਰ ਦਿਤੱਾ । ਰੁਸਤਮ ਦੇ ਕਤਲ ਦੀ ਖ਼ਬਰ ਨਾਲ ਫ਼ਾਰਸ ਵਾਸੀ ਹਾਰਕੇ ਭੱਜ ਉੱਠੇ । ਮੁਸਲਮਾਨਾ ਦੇ ਉਹਨਾ ਦਾ ਪਿਛੱਾ ਕੀਤਾ ਅਤੇ ਇਕ ਵੱਡੀ ਗਿਣਤੀ ਨੂੰ ਕੈਦੀ ਬਣਾ ਲਿਆ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਪ੍ਰਤੀਦਿਨ ਸਵੇਰ ਹੁੰਦਿਆਂ ਹੀ ਮੈਦਾਨ ਤੋਂ ਬਾਹਰ ਆਉਣ ਵਾਲੇ ਸਵਾਰਾਂ ਤੋਂ ਕਾਦਸੀਆ ਦੀ ਜੰਗ ਬਾਰੇ ਪੁੱਛਿਆ ਕਰਦੇ ਸਨ । ਜੱਦ ਫ਼ਤਿਹ ਦੀ ਖ਼ੁਸ਼ਖ਼ਬਰੀ ਲਿਆਉਣ ਵਾਲਾ ਸੰਦੇਸ਼ਵਾਹਕ ਮਦੀਨੇ ਵਿੱਚ ਦਾਖ਼ਲ ਹੋ ਰਿਹਾ ਸੀ ਤਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਉਸ ਸਮੇਂ ਦੌੜਦੇ ਜਾ ਰਹੇ ਸਨ ਅਤੇ ਜਾਣਕਾਰੀ ਲੈਂਦੇ ਜਾ ਰਹੇ ਸਨ ਜੱਦ ਕਿ ਉਹ ਸੰਦੇਸ਼ਵਾਹਕ ਆਪਣੀ ਊਠਣੀ'ਤੇ ਸਵਾਰ ਸੀ । ਜੱਦ ਉਹ ਸੰਦੇਸ਼ਵਾਹਕ ਮਦੀਨੇ ਵਿੱਚ ਦਾਖ਼ਲ ਹੋਇਆ ਤਾਂ ਲੋਕ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਅਮੀਰੁਲ ਮੋਮਿਨੀਨ ਕਹਿ ਰਹੇ ਸਨ ਅਤੇ ਸਲਾਮ ਕਰ ਰਹੇ ਸਨ ਤਾਂ ਸੰਦੇਸ਼ਵਾਹਕ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਅਰਜ਼ ਕੀਤੀ ਕਿ ਆਪ ਨੇ ਮੈਨੂੰ ਕਿਉਂ ਨਹੀਂ ਦੱਸਿਆ ਕਿ ਆਪ ਅਮੀਰੁਲ ਮੋਮਿਨੀਨ ਹਨ । ਹਜ਼ਰਤ ਉਮਰ ਨੇ ਫ਼ਰਮਾਇਆ ਹੇ ਮੇਰੇ ਭਾਈ ਕੋਈ ਗੱਲ ਨਹੀਂ । ਜੱਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਫ਼ਤਿਹ ਦੀ ਖ਼ਬਰ ਮਿਲੀ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਮਦੀਨੇ ਵਿੱਚ ਮੁਸਲਮਾਨਾ ਨਾਲ ਪ੍ਰਭਾਵਪੂਰਨ ਸੰਬੋਧਨ ਕੀਤਾ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਲਿਖਦੇ ਹਨ ਕਿ ਮੁਸਲਮਾਨਾ ਵਿੱਚ ਇਹ ਮਹਾਨ ਪਰਿਵਰਤਨ ਇਸ ਲਈ ਪੈਦਾ ਹੋਇਆ ਕਿਉਂਕਿ ਕੁਰਆਨੀ ਸਿੱਖਿਆ ਨੇ ਇਹਨਾ ਦੇ ਆਚਰਣ ਅਤੇ ਇਹਨਾ ਦੀਆਂ ਆਦਤਾਂ ਵਿੱਚ ਇਹ ਇੰਕਲਾਬ ਪੈਦਾ ਕਰ ਦਿਤੱਾ ਸੀ । ਇਹਨਾ ਦੇ ਭੌਤਕ ਜੀਵਨ'ਤੇ ਇਕ ਮੌਤ ਛਾ ਗਈ ਸੀ ਅਤੇ ਇਹਨਾ ਨੂੰ ਬੁਲੰਦ ਕਿਰਦਾਰ ਤੇ ਉਤੱਮ ਅਖ਼ਲਾਕ ਦੇ ਉਪੱਰਲੇ ਪਧੱਰ'ਤੇ ਖੜਾ ਕੀਤਾ ਸੀ । ਜਿਸ ਦੇ ਸਬਬ ਇਹ ਇਨਕਲਾਬ ਪੈਦਾ ਹੋਇਆ । ਸੋ, ਕੁਰਆਨ ਕਰੀਮ ਦੀ ਸਿੱਖਿਆ ਉਪੱਰ ਅਮਲ ਕਰਨ ਨਾਲ ਹੀ ਹਕੀਕੀ ਇਨਕਲਾਬ ਆਇਆ ਕਰਦੇ ਹਨ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਜ਼ਿਕਰ ਅੱਗੇ ਵੀ ਚੱਲੇਗਾ । ਇਨਸ਼ਾਅਲੱਾਹ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ
وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رحمکم اللّٰه اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ
ذِی الْقُرْبٰی وَيَنْهٰی عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 23.07.2021**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)